# ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਮਾਨਸਾ

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਾਨਸਾ ਦਾ ਦਫ਼ਤਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੇ ਕਮਰਾ ਨੰ: 30,34 ਵਿੱਚ ਸਥਿਤ ਹੈ । ਇਸ ਦਫ਼ਤਰ ਵਿੱਚ ਲੋੜਵੰਦ ਬਜੁਰਗਾਂ, ਵਿਧਵਾਵਾਂ, ਨਿਆਸ਼ਰਿਤ, ਬੱਚਿਆਂ, ਅਪੰਗ ਵਿਅਕਤੀਆਂ ਨੂੰ ਵਿਤੀ ਸਹਾਇਤਾ ਦਿੱਤੀ ਜਾ ਰਹੀ ਹੈ । ਸਕੀਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**1. *ਬੁਢਾਪਾ ਪੈਨਸ਼ਨ:-***

60 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਅਤੇ 65 ਸਾਲ ਦੀ ਉਮਰ ਤੋਂ ਵੱਧ ਦੇ ਮਰਦਾਂ ਨੂੰ ਬੁਢਾਪਾ ਪੈਨਸ਼ਨ ਦਿੱਤੀ ਜਾਂਦੀ ਹੈ, ਜਿਹਨਾਂ ਦੀ ਆਮਦਨ ਇਕੱਲੇ ਹੋਣ ਦੀ ਸੂਰਤ ਵਿੱਚ 1000/- ਰੁ: ਪ੍ਰਤੀ ਮਹੀਨਾ ਅਤੇ ਪਤੀ ਪਤਨੀ ਦੀ ਆਮਦਨ ਦੀ ਹੱਦ 1500/- ਰੁ: ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ । ਬਿਨੈਕਾਰ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ । ਬੁਢਾਪਾ ਪੈਨਸ਼ਨ 200/- ਰੁ: ਪ੍ਰਤੀ ਮਹੀਨਾ ਦੀ ਦਰ ਤੇ ਸ਼ਹਿਰੀ ਲਾਭਪਾਤਰੀਆਂ ਨੂੰ ਬੈਂਕਾਂ ਰਾਹੀਂ ਤੇ ਪੇਂਡੂ ਲਾਭਪਾਤਰੀਆਂ ਨੂੰ ਪੰਚਾਇਤੀ ਰਾਹੀਂ ਦਿੱਤੀ ਜਾਂਦੀ ਹੈ । ਇਸ ਸਕੀਮ ਅਧੀਨ ਜ਼ਿਲ੍ਹਾ ਮਾਨਸਾ ਵਿੱਚ 31783 ਲਾਭਪਾਤਰੀ ਪੈਨਸ਼ਨ ਪ੍ਰਾਪਤ ਕਰ ਰਹੇ ਹਨ ।

**2. *ਵਿਧਵਾ ਪੈਨਸ਼ਨ:-***

60 ਸਾਲ ਤੋਂ ਘੱਟ ਉਮਰ ਦੀਆਂ ਵਿਧਵਾਵਾਂ ਅਤੇ ਨਿਆਸ਼ਰਿਤ ਔਰਤਾਂ ਨੂੰ ਜਿਹਨਾਂ ਦੀ ਆਮਦਨ ਦਾ ਕੋਈ ਸਾਧਨ ਨਾ ਹੋਵੇ, ਜਾਂ ਪਤੀ ਕਿਸੇ ਕਾਰਨ ਰੋਜ਼ੀ-ਰੋਟੀ ਕਮਾਉਣ ਤੋਂ ਅਸਮਰੱਥ ਹੋਵੇ, 200/- ਰੁ: ਪ੍ਰਤੀ ਮਹੀਨਾ ਦੀਂ ਦਰ ਤੇ ਪੈਨਸ਼ਨ (ਸ਼ਹਿਰੀ ਲਾਭਪਾਤਰੀਆਂ ਨੂੰ ਬੈਂਕਾਂ ਰਾਹੀਂ ਅਤੇ ਪੇਂਡੂ ਖੇਤਰ ਦੇ ਲਾਭਪਾਤਰੀਆਂ ਨੂੰ ਪੰਚਾਇਤਾਂ ਰਾਹੀਂ) ਦਿੱਤੀ ਜਾਂਦੀ ਹੈ । ਇਸ ਸਮੇਂ ਜ਼ਿਲ੍ਹਾ ਮਾਨਸਾ ਵਿੱਚ ਇਸ ਸਕੀਮ ਤਹਿਤ 4631 ਵਿਧਵਾਵਾਂ ਪੈਨਸ਼ਨ ਪ੍ਰਾਪਤ ਕਰ ਰਹੀਆਂ ਹਨ ।

**3. *ਨਿਆਸ਼ਰਿਤ ਬੱਚਿਆਂ ਨੂੰ ਪੈਨਸ਼ਨ:-***

ਨਿਆਸਰਿਤ ਬੱਚੇ ਜਿਹਨਾਂ ਦੀ ਉਮਰ 21 ਸਾਲ ਤੋਂ ਘੱਟ ਹੈ, ਜਿਹਨਾਂ ਦੇ ਮਾਤਾ-ਪਿਤਾ ਨਾ ਹੋਣ, ਜਾਂ ਬੱਚਿਆਂ ਦੇ ਪਾਲਣ ਪੋਸ਼ਣ ਤੋਂ ਅਸਮਰੱਥ ਹੋਣ, ਅਜਿਹੇ ਬੱਚਿਆਂ ਨੂੰ 200/- ਰੁ: ਪ੍ਰਤੀ ਮਹੀਨਾ ਪ੍ਰਤੀ ਬੱਚੇ ਦੀ ਦਰ ਨਾਲ ਵੱਧ ਤੋਂ ਵੱਧ ਦੋ ਬੱਚਿਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ । ਇਸ ਸਮੇਂ ਜ਼ਿਲ੍ਹਾ ਮਾਨਸਾ ਵਿੱਚ ਇਸ ਸਕੀਮ ਤਹਿਤ 1538 ਲਾਭਪਾਤਰੀ ਪੈਨਸ਼ਨ ਪ੍ਰਾਪਤ ਕਰ ਰਹੇ ਹਨ ।

**4. *ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ:-***

ਅਪੰਗ ਵਿਅਕਤੀਆਂ ਜਿਹਨਾਂ ਨੂੰ ਡਾਕਟਰਾਂ ਵਲੋਂ ਪੱਕੇ ਤੋਰ ਤੇ ਨਕਾਰਾ ਹੋਣ ਕਰਕੇ ਜਾਂ ਜਿਹਨਾਂ ਦੀ ਅਪੰਗਤਾ 50% ਜਾਂ ਇਸਤੋਂ ਵੱਧ ਹੈ । ਉਹਨਾਂ ਅਪੰਗ ਵਿਅਕਤੀਆਂ ਨੂੰ 200/- ਰੁ: ਪ੍ਰਤੀ ਮਹੀਨਾ ਦੀ ਦਰ ਤੇ ਵਿਤੀ ਸਹਾਇਤਾ ਦਿੱਤੀ ਜਾਂਦੀ ਹੈ, ਬਸ਼ਰਤੇ ਕਿ ਉਹਨਾਂ ਦੀ ਆਮਦਨ 1000/- ਰੁ: ਪ੍ਰਤੀ ਮਹੀਨਾ ਤੋਂ ਘੱਟ ਹੋਵੇ । ਇਸ ਸਮੇ ਮਾਨਸਾ ਜ਼ਿਲ੍ਹੇ ਵਿੱਚ ਇਸ ਸਕੀਮ ਦੇ 1854 ਲਾਭਪਾਤਰੀ ਹਨ ।

ਉਕਤ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਰਾਸ਼ਟਰੀ ਸਕੀਮਾਂ ਵੀ ਇਸੇ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਹਨ

**1. *ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ:***

ਇਸ ਸਕੀਮ ਤਹਿਤ 65 ਸਾਲ ਤੋਂ ਵੱਧ ਉਮਰ ਦੇ ਪੁਰਸ਼ ਜਾਂ ਇਸਤਰੀ ਜੋ ਕਿ ਗਰੀਬੀ ਰੇਖਾ ਤੋਂ ਹੇਠਾਂ ਹਨ,

ਬੇ-ਔਲਾਦ ਜਾਂ ਅਪੰਗ ਹਨ, ਨੂੰ 75/- ਰੁ: ਪ੍ਰਤੀ ਮਹੀਨਾ ਦੀ ਦਰ ਤੇ ਪੈਨਸ਼ਨ ਦਿੱਤੀ ਜਾਂਦੀ ਹੈ। ਇਸ ਸਕੀਮ ਤਹਿਤ ਸਾਲ 2003-04 ਦੌਰਾਨ 14.13 ਲੱਖ ਦੀ ਰਾਸ਼ੀ ਖਰਚ ਕੀਤੀ ਗਈ ਹੈ। ਇਸ ਸਕੀਮ ਤਹਿਤ ਲਾਭਪਾਤਰੀਆਂ ਦੀ ਗਿਣਤੀ 2291 ਹੈ।

## 2. *ਨੈਸ਼ਨਲ ਫੈਮਿਲੀ ਬੈਨਿਫਿਟ ਸਕੀਮ:*

ਇਸ ਸਕੀਮ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰ ਦੇ ਕਮਾਊ ਮੈਂਬਰ ਦੀ ਮੌਤ ਹੋ ਜਾਣ ਤੇ ਜਿਸਦੀ ਉਮਰ 18 ਤੋਂ 61 ਸਾਲ ਵਿਚਕਾਰ ਹੈ, ਉਸਦੇ ਵਾਰਿਸ ਨੂੰ 10,000 ਰੁ: ਦੀ ਰਾਸ਼ੀ ਇਕੱਠੀ ਦਿੱਤੀ ਜਾਂਦੀ ਹੈ। ਇਸ ਰਕਮ ਨੂੰ ਚੈਕ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਸਾਲ 2004-05 ਦਾ ਖਰਚਾ 8.2 ਲੱਖ ਕੀਤਾ ਗਿਆ ਹੈ। ਇਸ ਸਕੀਮ ਤਹਿਤ ਲਾਭਪਾਤਰੀਆਂ ਦੀ ਗਿਣਤੀ 82 ਹੈ।

### *ਪੈਨਸ਼ਨ ਕੇਸਾਂ ਦੇ ਮੁਕੰਮਲ ਕਰਵਾਉਣ ਬਾਰੇ:-*

ਉਕਤ ਸਕੀਮਾਂ ਦੇ ਫਾਰਮ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜਾਂ ਸਬੰਧਿਤ ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰ ਦੇ ਦਫ਼ਤਰ ਵਿੱਚੋਂ ਮੁਫ਼ਤ ਮਿਲਦੇ ਹਨ। ਪੈਨਸ਼ਨ ਫਾਰਮ ਤੇ ਬਿਨੈਕਾਰ ਦੀ ਫੋਟੋ ਲੱਗਦੀ ਹੈ। ਜਿਸਦੀ ਉਮਰ ਤਸਦੀਕ ਸਬੰਧਿਤ ਮੈਡੀਕਲ ਅਫ਼ਸਰ ਕਰਦਾ ਹੈ। ਫਾਰਮ ਤੇ ਆਮਦਨ ਦਰਸਾਉਂਦੀ ਹੋਈ ਜਾਇਦਾਦ ਸਬੰਧੀ ਰਿਪੋਰਟ ਪਟਵਾਰੀ ਵਲੋਂ ਕੀਤੀ ਜਾਂਦੀ ਹੈ। ਸ਼ਹਿਰੀ ਖੇਤਰ ਦੇ ਫਾਰਮ ਤੇ ਦਰਸਾਏ ਅਧਿਕਾਰੀਆਂ ਵਲੋਂ ਜਿਵੇਂ ਕਿ ਤਹਿਸੀਲਦਾਰ, ਬੀ.ਡੀ.ਪੀ.ਓ. ਆਦਿ ਵਲੋਂ ਪੈਨਸ਼ਨ/ਵਿੱਤੀ ਸਹਾਇਤਾ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਕੇਸ ਮੁਕੰਮਲ ਕਰਕੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਦੇ ਦਫ਼ਤਰ ਵਿੱਚ ਭੇਜੇ ਜਾਂਦੇ ਹਨ ਜੋ ਕਿ ਉੱਥੇ ਘੋਖ ਕਰਨ ਤੋਂ ਬਾਅਦ ਸਬੰਧਿਤ ਐਸ.ਡੀ.ਐਮ. ਵਲੋਂ ਮਨਜ਼ੂਰ ਕਰ ਦਿੱਤੇ ਜਾਂਦੇ ਹਨ ਅਤੇ ਇਹ ਕੇਸ ਵਾਪਸ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਦੇ ਦਫ਼ਤਰ ਵਿੱਚ ਪੀ.ਐਲ.ਏ. ਨੰਬਰ ਲਗਾਉਣ ਅਤੇ ਖਾਤਾ ਖੁਲਵਾਉਣ ਲਈ ਭੇਜੇ ਜਾਂਦੇ ਹਨ। ਪੇਂਡੂ ਖੇਤਰ ਦੇ ਪੈਨਸ਼ਨ/ਵਿੱਤੀ ਸਹਾਇਤਾ ਦੇ ਫਾਰਮ ਪੈਨਸ਼ਨਾਂ ਦੇ ਇਜਲਾਸ ਦੌਰਾਨ ਸਰਪੰਚ ਵਲੋਂ ਸਿਫ਼ਾਰਸ਼ ਕਰਕੇ ਸਬੰਧਿਤ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਦੇ ਦਫ਼ਤਰ ਵਿੱਚ ਭੇਜੇ ਜਾਂਦੇ ਹਨ। ਸੀ.ਡੀ.ਪੀ.ਓ. ਵਲੋਂ ਫਾਰਮਾਂ ਨੂੰ ਹਰ ਪੱਖੋਂ ਮੁਕੰਮਲ ਕਰਕੇ ਪੰਚਾਇਤ ਸੰਮਤੀ ਨੂੰ ਪ੍ਰਵਾਨਗੀ ਲਈ ਭੇਜੇ ਜਾਂਦੇ ਹਨ। ਪੰਚਾਇਤ ਸੰਮਤੀ ਵਲੋਂ ਕੇਸ ਮਨਜ਼ੂਰ ਹੋਣ ਤੇ ਇਹ ਕੇਸ ਸੀ.ਡੀ.ਪੀ.ਓ. ਦਫ਼ਤਰ ਵਿੱਚ ਭੇਜੇ ਜਾਂਦੇ ਹਨ, ਜਿੱਥੇ ਇਹਨਾਂ ਕੇਸਾਂ ਨੂੰ ਪੀ.ਐਲ.ਏ. ਨੰਬਰ ਲਗਾਏ ਜਾਂਦੇ ਹਨ ਅਤੇ ਸੁਬੰਧਿਤ ਲਾਭਪਾਤਰੀਆਂ ਨੂੰ ਸੈਂਕਸ਼ਨ ਲੈਟਰ ਜਾਰੀ ਕੀਤੇ ਜਾਂਦੇ ਹਨ। ਪੀ.ਐਲ.ਏ. ਨੰਬਰ ਲਗਾਉਣ ਅਤੇ ਬੈਂਕ ਵਿੱਚ ਸਾਂਝਾ ਖਾਤਾ ਖੁਲਵਾਉਣ ਉਪਰੰਤ ਪੈਨਸ਼ਨ ਦੀ ਅਦਾਇਗੀ ਲਈ ਸੀ.ਡੀ.ਪੀ.ਓ. ਵਲੋਂ ਲਾਭਪਾਤਰੀ ਦਾ ਇੱਕ ਸ਼ਨਾਖਤੀ ਕਾਰਡ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਦੇ ਦਫ਼ਤਰ ਨੂੰ ਭੇਜਿਆ ਜਾਂਦਾ ਹੈ। ਲਾਭਪਾਤਰੀਆਂ ਦੇ ਸ਼ਨਾਖਤੀ ਕਾਰਡ ਦੇ ਵੇਰਵਿਆਂ ਅਨੁਸਾਰ ਉਸ ਨੂੰ ਅਦਾਇਗੀ ਸ਼ੁਰੂ ਹੋ ਜਾਂਦੀ ਹੈ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਪੈਨਸ਼ਨ/ਵਿੱਤੀ ਸਹਾਇਤਾ ਦੇ ਫਾਰਮ ਭਰਨ ਸਮੇਂ, ਰਾਸ਼ਨ ਕਾਰਡ ਦੀ ਤਸਦੀਕ ਕੀਤੀ ਫੋਟੋ-ਕਾਪੀ, ਵਿਧਵਾ ਹੋਣ ਦੀ ਸੂਰਤ ਵਿੱਚ ਪਤੀ ਦੀ ਮੌਤ ਦਾ ਸਰਟੀਫਿਕੇਟ, ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ ਬੱਚਿਆਂ ਦੇ ਸਕੂਲ ਪੜ੍ਹਨ ਦੇ ਸਬੂਤ ਵਜੋਂ ਸਰਟੀਫਿਕੇਟ ਅਤੇ ਅਪੰਗ ਸਕੀਮ ਵਿੱਚ ਅਪੰਗਤਾ ਦਾ ਸਟੀਫਿਕੇਟ ਫਾਰਮ ਨਾਲ ਲਗਾਇਆ ਜਾਂਦਾ ਹੈ।

ਪੈਨਸ਼ਨ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ ਵਾਲੇ ਦਿਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਦੇ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।